**ਡਾਇਰੈਕਟੋਰੇਟ ਸਿਹਤ ਤੇ [illegible] ਪੰਜਾਬ**
ਪਰਿਵਾਰ ਕਲਿਆਣ ਭਵਨ, ਸੈਕਟਰ 34-ਏ, ਚੰਡੀਗੜ੍ਹ
ਨੈਸ਼ਨਲ ਵੈਕਟਰ ਬੌਰਨ ਡਜ਼ੀਜ਼ ਕੰਟਰੋਲ ਪ੍ਰੋਗਰਾਮ ਸ਼ਾਖਾ
E-Mail: punjabnvbdcp@gmail.com
Phone/Fax. No. 0172-2603276

ਨੰ: ਐਨ.ਵੀ.ਬੀ.ਡੀ.ਸੀ.ਪੀ./ਟੈਕ-2/ਪੰ:19/ 3975-96 ਮਿਤੀ 29/5/19

ਵੱਲ,

ਸਮੂਹ ਸਿਵਲ ਸਰਜਨ,
ਪੰਜਾਬ ਰਾਜ।

**ਵਿਸ਼ਾ:-** **ਡੇਂਗੂ ਅਤੇ ਚਿਕੁਨਗੁਨੀਆ ਦੇ ਬਚਾਓ ਲਈ ਪੰਜਾਬ ਰਾਜ ਦੇ ਸਰਕਾਰੀ ਅਤੇ ਗੈਰ ਸਰਕਾਰੀ ਦਫਤਰਾਂ/ਸੰਸਥਾਵਾਂ ਵਿੱਚ ਹਰ ਹਫਤੇ ਸ਼ੁਕਰਵਾਰ ਦੇ ਦਿਨ "ਡਰਾਈ ਡੇ" ਅਤੇ ਜਿਲਾ ਪੱਧਰੀ ਮੋਨਿਟਰਿੰਗ ਕਮੇਟੀ ਦੀ ਮੀਟਿੰਗ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਕਿ ਪੰਜਾਬ ਰਾਜ ਵਿੱਚ ਡੇਂਗੂ ਦਾ ਟਰਾਂਸਮਿਸ਼ਨ ਸੀਜਨ ਸ਼ੁਰੂ ਹੋ ਚੁੱਕਾ ਹੈ।ਪੰਜਾਬ ਦੇ ਕਈ ਜਿਲਿਆਂ ਤੋਂ ਡੇਂਗੂ ਦੇ ਪੋਜੇਟਿਵ ਕੇਸ ਰਿਪੋਰਟ ਹੋਣੇ ਸ਼ੁਰੂ ਹੋ ਗਏ ਹਨ। ਮੌਸਮ ਵਿੱਚ ਤਬਦੀਲੀ ਹੋਣ ਨਾਲ ਪੰਜਾਬ ਰਾਜ ਦੇ ਕਈ ਜਿਲਿਆਂ ਵਿੱਚ ਮੱਛਰ ਦੀ ਬਰੀਡਿੰਗ ਮਿਲਣੀ ਸ਼ੁਰੂ ਹੋ ਗਈ ਹੈ।ਇਸ ਲਈ ਜਿਲਾ ਪੱਧਰ ਤੇ ਡੇਂਗੂ, ਚਿਕੁਨਗੁਨੀਆ ਅਤੇ ਹੋਰ ਵੈਕਟਰ ਬੋਰਨ ਬੀਮਾਰੀਆਂ ਦੀ ਜਿਲਾ ਪੱਧਰੀ ਮੋਨਿਟਰਿੰਗ ਕਮੇਟੀ ਦੀ ਮੀਟਿੰਗ ਡਿਪਟੀ ਕਮਿਸ਼ਨਰ ਪ੍ਰਧਾਨਗੀ ਹੇਠ ਤੁਰੰਤ ਕਰਵਾਈ ਜਾਵੇ।ਇਸ ਮੀਟਿੰਗ ਵਿੱਚ ਸਿਹਤ ਵਿਭਾਗ, ਸਥਾਨਕ ਸਰਕਾਰ ਵਿਭਾਗ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਸਿੱਖਿਆ ਵਿਭਾਗ, ਪਸ਼ੂ ਪਾਲਣ ਅਤੇ ਮੱਛੀ ਪਾਲਣ ਵਿਭਾਗ, ਪੰਜਾਬ ਮੰਡੀ ਬੋਰਡ, ਲੇਬਰ ਡਿਪਾਰਮੈਂਟ, ਟਰਾਂਸਪੋਰਟ ਵਿਭਾਗ, ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ, ਇੰਡੀਅਨ ਮੈਡੀਕਲ ਐਸੋਸੀਏਸ਼ਨ ਦੀ ਸ਼ਮੂਲੀਅਤ ਕੀਤੀ ਜਾਵੇ।ਡੇਂਗੂ, ਚਿਕੁਨਗੁਨੀਆ ਅਤੇ ਹੋਰ ਵੈਕਟਰ ਬੋਰਨ ਬੀਮਾਰੀਆਂ ਦੀ ਰੋਕਥਾਮ ਅਤੇ ਬਚਾਓ ਲਈ ਜਰੂਰੀ ਲੋੜੀਦੀਆਂ ਗਤੀਵਿਧੀਆਂ ਕਰਨ ਲਈ ਵੱਖ ਵੱਖ ਵਿਭਾਗਾਂ ਦੇ ਮੁੱਖੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਅਤੇ ਜਿਮੇਂਵਾਰੀਆਂ ਨਿਸਚਿਤ ਕੀਤੀਆਂ ਜਾਣ।

ਡੇਂਗੂ ਅਤੇ ਚਿਕੁਨਗੁਨੀਆ ਬੁਖਾਰ ਫੈਲਾਉਣ ਵਾਲੇ ਮੱਛਰ ਦਾ ਲਾਰਵਾ ਕੂਲਰਾਂ, ਫਰਿਜ਼ਾਂ ਦੀਆਂ ਵੇਸਟ ਪਾਣੀ ਦੀਆਂ ਟ੍ਰੇਆਂ, ਪਾਣੀ ਦੀਆਂ ਬਿਨਾਂ ਢੱਕੀਆਂ ਟੈਂਕੀਆਂ, ਛੱਤਾਂ ਤੇ ਪਏ ਟੁੱਟੇ ਬਰਤਨਾ, ਟਾਇਰਾਂ ਅਤੇ ਹੋਰ ਇੱਧਰ ਉਧਰ ਪਏ ਕੰਨਟੇਨਰਾਂ ਵਿੱਚ ਖੜੇ ਪਾਣੀ ਵਿੱਚ ਬਹੁਤਾਤ ਵਿੱਚ ਪਾਇਆ ਜਾਂਦਾ ਹੈ ਅਤੇ ਬਾਲਗ ਮੱਛਰ ਹੋਣ ਤੇ ਬਿਮਾਰੀ ਫੈਲਾਉਂਦਾ ਹੈ।ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਲੋਂ ਰਾਸਟਰੀ ਵੈਕਟਰ ਬੋਰਨ ਡਜੀਜ ਕੰਟਰੋਲ ਪ੍ਰੋਗਰਾਮ ਅਧੀਨ ਨੇੜੇ ਭਵਿੱਖ ਵਿੱਚ ਡੇਂਗੂ ਅਤੇ ਚਿਕੁਨਗੁਨੀਆ ਦੀ ਰੋਕਥਾਮ ਅਤੇ ਪ੍ਰਭਾਵ ਨੂੰ ਰੋਕਣ ਲਈ ਪਿਛਲੇ ਤਿੰਨ ਸਾਲਾਂ ਤੋ ਹਰ ਹਫਤੇ ਦੇ ਸ਼ੁਕਰਵਾਰ ਨੂੰ "ਡਰਾਈ ਡੇ" ਵਜੋਂ ਮਨਾਇਆ ਜਾਂਦਾ ਹੈ, ਭਾਵ ਕਿ ਹਰ ਤਰਾਂ ਦੇ ਪਾਣੀ ਦੇ ਕੰਨਟੇਨਰਾਂ ਦੀ ਸਫਾਈ ਕਰਵਾ ਕੇ ਹਰ ਸ਼ੁਕਰਵਾਰ ਨੂੰ ਉਹਨਾਂ ਨੂੰ ਸੁੱਕਾ ਰੱਖਿਆ ਜਾਵੇ।ਇਸ ਲਈ ਆਪ ਅਪਣੇ ਜਿਲ੍ਹੇ ਵਿੱਚ ਸਥਿਤ ਸਮੂਹ ਸਰਕਾਰੀ ਅਤੇ ਗੈਰ ਸਰਕਾਰੀ ਦਫਤਰਾਂ ਦੇ ਅਧਿਕਾਰੀਆਂ, ਕਾਰਖਾਨੇਦਾਰਾਂ ਦੇ ਮਾਲਕਾਂ ਅਤੇ ਪੰਕਚਰ ਤੇ ਪੁਰਾਣੇ ਟਾਇਰਾਂ ਦੀਆਂ ਦੁਕਾਨਾਂ ਦੇ ਮਾਲਕਾਂ ਨੂੰ ਜਿਲੇ ਦੇ ਡਿਪਟੀ ਕਮਿਸ਼ਨਰ ਵੱਲੋਂ ਲੋੜੀਂਦੀਆਂ ਹਦਾਇਤਾਂ ਜਾਰੀ ਕਰਵਾਈਆਂ ਜਾਣ ਕਿ ਉਹ ਹਫਤੇ ਦੇ ਸ਼ੁਕਰਵਾਰ ਵਾਲੇ ਦਿਨ ਕੂਲਰਾਂ, ਫਰਿੱਜਾਂ ਦੀਆਂ ਵੇਸਟ ਪਾਣੀਆਂ ਦੀਆਂ ਟਰੇਆਂ, ਗਮਲਿਆਂ, ਟੁੱਟੇ-ਫੁੱਟੇ ਬਰਤਨ, ਬੇਕਾਰ ਪਏ ਟਾਇਰਾਂ ਅਤੇ ਹੋਰ ਪਾਣੀ ਨਾਲ ਸਬੰਧਤ ਕੰਨਟੇਨਰਾਂ ਨੂੰ ਖਾਲੀ

ਕਰਕੇ ਸੁਕਾਉਣਾ ਯਕੀਨੀ ਬਣਾਉਣ, ਤਾਂ ਜੋ ਮੱਛਰ ਦੀ ਪੈਦਾਇਸ਼ ਨੂੰ ਰੋਕਿਆ ਜਾ ਸਕੇ ਅਤੇ ਆਮ ਵੱਸੋਂ ਨੂੰ ਡੇਂਗੂ ਦੇ ਪ੍ਰਭਾਵ ਤੋਂ ਹੋਣ ਵਾਲੇ ਜਾਨੀ ਅਤੇ ਮਾਲੀ ਨੁਕਸਾਨ ਤੋਂ ਬਚਾਇਆ ਜਾ ਸਕੇ।

**ਇਹ ਪੱਤਰ ਮਾਨਯੋਗ ਵਧੀਕ ਐਡੀਸ਼ਨਲ ਚੀਫ ਸੈਕਟਰੀ, ਪੰਜਾਬ ਸਰਕਾਰ ਸਿਹਤ ਤੇ ਪਰਿਵਾਰ** ਭਲਾਈ ਵਿਭਾਗ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਗਿਆ ਹੈ ਜੀ।

29/5/19

ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ

ਪਿੰਠ ਅੰ:ਨੰ:ਐਨ.ਵੀ.ਬੀ.ਡੀ.ਸੀ.ਪੀ/ਟੈਕ-2/ਪੰ:19/ 3997-4020 ਮਿਤੀ 29/5/19

ਉਪਰੋਕਤ ਦਾ ਉਤਾਰਾ:-

1) ਨਿਜੀ ਸਹਾਇਕ/ਵਧੀਕ ਮੁੱਖ ਸਕੱਤਰ,ਪੰਜਾਬ ਸਰਕਾਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ,ਚੰਡੀਗੜ੍ਹ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।
2) ਨਿਜੀ ਸਹਾਇਕ/ਐ.ਡੀ. ਐਨ.ਐਚ.ਐਮ., ਪੰਜਾਬ ਚੰਡੀਗੜ੍ਹ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।
3) ਸਮੂਹ ਡਿਪਟੀ ਕਮਿਸ਼ਨਰ, ਪੰਜਾਬ ਰਾਜ ਨੂੰ ਸੂਚਨਾ ਹਿੱਤ ਅਤੇ ਲੋੜੀਂਦੀ ਕਰਵਾਈ ਲਈ ਭੇਜਿਆ ਜਾਂਦਾ ਹੈ ਜੀ।

29/5/19

ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ